Punjabi

# ਦਿਲ ਦਾ ਯੰਤਰ ਲਵਾਉਣ ਲਈ ਤਿਆਰੀ ਕਰਨਾ

# ਪੇਸਮੇਕਰ, ਇਮਪਲਾਂਟੇਬਲ ਕਾਰਡੀਐਕ ਡੀਫਿਬਰੀਲੇਟਰ, ਲੂਪ ਰਿਕਾਰਡਰ, ਜਾਂ ਕਾਰਡੀਐਕ ਰੀਸੈਂਕਰੋਨਾਈਜ਼ੇਸ਼ਨ ਥੈਰੇਪੀ

ਰੌਇਲ ਕੋਲੰਬੀਅਨ ਹਸਪਤਾਲ

Preparing for Insertion of a Heart Device
**Pacemaker, Implantable Cardiac Defibrillator, Loop Recorder, or Cardiac Resynchronization Therapy**

Royal Columbian Hospital

**ਨਾਂ** /Name: ______________________

**ਤੁਹਾਡੇ ਇਹ ਲੱਗੇਗਾ:** You are going to have:

- ☐ ਪੇਸਮੇਕਰ Pacemaker
- ☐ ਇਮਪਲਾਂਟੇਬਲ ਕਾਰਡੀਐਕ ਡੀਫਿਬਰੀਲੇਟਰ (ICD)
- ☐ ਲੂਪ ਰਿਕਾਰਡਰ Loop Recorder
- ☐ ਕਾਰਡੀਐਕ ਰੀਸੈਂਕਰੋਨਾਈਜ਼ੇਸ਼ਨ ਥੈਰੇਪੀ (CRT)

**ਤਾਰੀਕ** /Date:__________ **ਸਮਾਂ** /Time: __________

**ਇੱਥੇ ਆਉ:** ਦੂਜੀ ਮੰਜ਼ਲ, ਡੇਅ ਕਾਰਡੀਐਕ ਇੰਟਰਵੈਨਸ਼ਨਲ ਯੂਨਿਟ

## ਤੁਹਾਡੇ ਪ੍ਰੋਸੀਜ਼ਰ ਤੋਂ ਪਹਿਲਾਂ ਪਲੈਨ ਕਰਨਾ

ਮੁਕੰਮਲ ਕਰਨ ਵੇਲੇ ਹਰ ਚੀਜ਼ ’ਤੇ ਨਿਸ਼ਾਨੀ (☑) ਲਾਉ।

ਆਪਣੇ ਪ੍ਰੋਸੀਜ਼ਰ ਤੋਂ ਘੱਟੋ ਘੱਟ **ਇਕ ਹਫਤਾ ਪਹਿਲਾਂ**, ਤੁਹਾਨੂੰ ਇਨ੍ਹਾਂ ਚੀਜ਼ਾਂ ਲਈ ਪ੍ਰਬੰਧ ਕਰਨਾ ਪਵੇਗਾ:

- ☐ ਹਸਪਤਾਲ ਲਈ ਰਾਈਡ।
- ☐ ਜੇ ਤੁਸੀਂ ਚਾਹੁੰਦੇ ਹੋ ਕੇ ਜਿਹੜੀ ਜਾਣਕਾਰੀ ਅਸੀਂ ਤੁਹਾਨੂੰ ਦੇਣੀ ਹੈ, ਉਸ ਨੂੰ ਸਮਝਣ ਵਿਚ ਕੋਈ ਤੁਹਾਡੀ ਮਦਦ ਕਰੇ, ਜਾਂ ਜੇ ਤੁਹਾਨੂੰ ਅੰਗਰੇਜ਼ੀ ਪੜ੍ਹਨ ਜਾਂ ਬੋਲਣ ਵਿਚ ਮਦਦ ਦੀ ਲੋੜ ਹੋਵੇ ਤਾਂ ਤੁਹਾਡੇ ਨਾਲ ਹਸਪਤਾਲ ਵਿਚ ਹੋਣ ਲਈ ਕੋਈ ਵਿਅਕਤੀ।
- ☐ ਹਸਪਤਾਲ ਤੋਂ ਘਰ ਨੂੰ ਰਾਈਡ।

  ਯਾਦ ਰੱਖੋ – ਤੁਸੀਂ ਪ੍ਰੋਸੀਜ਼ਰ ਤੋਂ ਬਿਲਕੁਲ ਬਾਅਦ ਗੱਡੀ ਨਹੀਂ ਚਲਾ ਸਕਦੇ। ਪ੍ਰੋਸੀਜ਼ਰ ਤੋਂ ਬਾਅਦ ਅਸੀਂ ਤੁਹਾਨੂੰ ਦੱਸਾਂਗੇ ਕਿ ਤੁਸੀਂ ਦੁਬਾਰਾ ਗੱਡੀ ਕਦੋਂ ਚਲਾ ਸਕਦੇ ਹੋ।
- ☐ ਘਰ ਵਿਚ ਵਾਪਸ ਜਾਣ ਵੇਲੇ ਤੁਹਾਡੇ ਨਾਲ ਇਕ ਜਾਂ ਦੋ ਦਿਨ ਰਹਿਣ ਲਈ ਕੋਈ ਵਿਅਕਤੀ।

ਇਸ ਦੇ ਨਾਲ ਹੀ, ਆਪਣੀ ਫਾਰਮੇਸੀ ਤੋਂ ਇਹ ਚੁੱਕੋ:

- ☐ ਚਮੜੀ ਨੂੰ ਸਾਫ ਕਰਨ ਲਈ ਕਲੋਰੋਹੈਕਸੀਡੀਨ ਗਲੂਕੋਨੇਟ 2% ਨਾਂ ਦੀ ਵਸਤ।

## ਹਸਪਤਾਲ ਨੂੰ ਕੀ ਲਿਆਉਣਾ ਹੈ

ਹਸਪਤਾਲ ਲਈ ਆਪਣਾ ਬੈਗ ਤਿਆਰ ਕਰਨ ਵੇਲੇ ਹਰ ਚੀਜ਼ ’ਤੇ ਨਿਸ਼ਾਨੀ (☑) ਲਾਉ।

- ☐ ਬੀ ਸੀ ਕੇਅਰ ਕਾਰਡ (ਨਿੱਜੀ ਸਿਹਤ ਕਾਰਡ)
- ☐ ਫੋਟੋ ਵਾਲਾ ਪਛਾਣ ਪੱਤਰ ਜਿਵੇਂ ਕਿ ਡਰਾਈਵਰ ਦਾ ਲਾਇਸੰਸ
- ☐ ਉਨ੍ਹਾਂ ਸਾਰੀਆਂ ਦਵਾਈਆਂ ਦੀ ਲਿਸਟ ਜਿਹੜੀਆਂ ਤੁਸੀਂ ਲੈ ਰਹੇ ਹੋ (ਡਾਕਟਰ ਦੀ ਪਰਚੀ ਨਾਲ ਲਈਆਂ ਦਵਾਈਆਂ, ਪਰਚੀ ਤੋਂ ਬਿਨਾਂ ਲਈਆਂ ਦਵਾਈਆਂ, ਵਿਟਾਮਿਨ, ਸਪਲੀਮੈਂਟ, ਹਰਬਲ, ਕੁਦਰਤੀ ਇਲਾਜ, ਹੋਰ ਦਵਾਈਆਂ)
- ☐ ਸਾਰੀਆਂ ਦਵਾਈਆਂ ਆਪਣੀਆਂ ਅਸਲੀ ਡੱਬੀਆਂ ਵਿਚ (ਡਾਕਟਰ ਦੀ ਪਰਚੀ ਨਾਲ ਲਈਆਂ ਦਵਾਈਆਂ ਅਤੇ ਪਰਚੀ ਤੋਂ ਬਿਨਾਂ ਲਈਆਂ ਦਵਾਈਆਂ)
- ☐ ਨਕਲੀ ਦੰਦ ਅਤੇ ਕੇਸ
- ☐ ਸੁਣਨ-ਯੰਤਰ, ਵਾਧੂ ਬੈਟਰੀ ਅਤੇ ਕੇਸ ਦੇ ਨਾਲ
- ☐ ਐਨਕਾਂ ਅਤੇ ਕੇਸ
- ☐ ਤੁਰਨ ਵਿਚ ਮਦਦ ਕਰਨ ਵਾਲੇ ਯੰਤਰ (ਜਿਵੇਂ ਕਿ ਸੋਟੀ ਜਾਂ ਵਾਕਰ)

ਗਹਿਣਿਆਂ, ਪੈਸਿਆਂ ਅਤੇ ਕਰੈਡਿਟ ਕਾਰਡਾਂ ਵਰਗੀਆਂ ਕੀਮਤੀ ਚੀਜ਼ਾਂ ਘਰ ਛੱਡੋ।

## ਕੋਈ ਸਵਾਲ ਜਾਂ ਫਿਕਰ

**ਫੋਨ ਕਰੋ:** **1-855-529-7223 -** ਅੰਗਰੇਜ਼ੀ
**ਸੋਮਵਾਰ ਤੋਂ ਸ਼ੁਕਰਵਾਰ**
**ਸਵੇਰ ਦੇ 8 ਵਜੇ ਤੋਂ ਬਾਅਦ**
**ਦੁਪਹਿਰ 3 ਵਜੇ ਤੱਕ**



Print Shop # 262893 (January 2013) Punjabi

# ਪ੍ਰੋਸੀਜ਼ਰ ਲਈ ਤਿਆਰ ਹੋਣਾ

## ਖਾਣਾ ਅਤੇ ਪੀਣਾ

ਜੇ ਤੁਹਾਡੇ ਡਾਕਟਰ ਨੇ ਤੁਹਾਨੂੰ ਕਿਸੇ ਹੋਰ ਤਰ੍ਹਾਂ ਨਹੀਂ ਦੱਸਿਆ ਤਾਂ ਇਹ ਕਰੋ:

- ਆਪਣੇ ਪ੍ਰੋਸੀਜ਼ਰ ਤੋਂ ਪਹਿਲਾਂ ਦੀ ਸ਼ਾਮ ਨੂੰ ਸਨੈਕ (ਹਲਕਾ ਖਾਣਾ) ਖਾਉ।
- ਅੱਧੀ ਰਾਤ (ਤੜਕੇ ਦੇ 12 ਵਜੇ) ਤੋਂ ਬਾਅਦ ਕੋਈ ਵੀ ਖਾਣਾ **ਨਾ** ਖਾਉ।
- ਰਾਤ ਨੂੰ ਜੇ ਤੁਹਾਨੂੰ ਪਿਆਸ ਲੱਗੇ ਤਾਂ ਜਿੰਨਾ ਵੀ ਹੋ ਸਕੇ ਸਾਫ ਤਰਲ ਪੀਉ (ਜਿਵੇਂ ਕਿ ਪਾਣੀ, ਸਾਫ ਜੂਸ, ਜਾਂ ਸਾਫ ਚਾਹ)।
- ਆਪਣੇ ਪ੍ਰੋਸੀਜ਼ਰ ਵਾਲੇ ਦਿਨ ਦੀ ਸਵੇਰ ਨੂੰ 5 ਵਜੇ 1 ਜਾਂ 2 ਗਲਾਸ ਐਪਲ ਜੂਸ ਜਾ ਕਰੇਨਬੇਰੀ ਜੂਸ ਦੇ ਪੀਉ।
- ਸਵੇਰ ਦੇ 5 ਵਜੇ ਤੋਂ ਬਾਅਦ ਕੋਈ ਵੀ ਚੀਜ਼ **ਨਾ** ਪੀਉ।

## ਆਪਣੀ ਚਮੜੀ ਸਾਫ ਕਰਨਾ
### ਆਪਣੇ ਪ੍ਰੋਸੀਜ਼ਰ ਤੋਂ ਪਹਿਲਾਂ ਦੀ ਸ਼ਾਮ ਨੂੰ

- ਕੋਈ ਵੀ ਮੇਕ-ਅੱਪ, ਨਹੁੰ ਪਾਲਸ਼ ਅਤੇ ਗਹਿਣੇ ਲਾਹ ਦਿਉ।
- ਆਪਣੇ ਸਰੀਰ ਦੇ ਉਪਰਲੇ ਸਾਹਮਣੇ ਵਾਲੇ ਹਿੱਸੇ ਤੋਂ ਲੈ ਕੇ ਆਪਣੇ ਲੱਕ, ਆਪਣੀ ਧੌਣ ਅਤੇ ਦੋਨਾਂ ਕੱਛਾਂ ਦੀ ਚਮੜੀ ਨੂੰ **ਕਲੋਰੋਹੈਕਸੀਡੀਨ ਗਲੂਕੋਨੇਟ 2%** ਵਸਤ ਨਾਲ ਸਾਫ ਕਰੋ।
- **ਕਲੋਰੋਹੈਕਸੀਡੀਨ ਗਲੂਕੋਨੇਟ 2% ਦੇ ਪਹਿਲਾਂ ਹੀ ਪੈਕ ਵਾਈਪ ਲਈ:** ਉੱਪਰ ਦੱਸੇ ਮੁਤਾਬਕ ਆਪਣੀ ਚਮੜੀ ਸਾਫ ਕਰਨ ਲਈ ਵਾਈਪ (ਪੂੰਝੇ) ਦੀ ਵਰਤੋਂ ਕਰੋ। ਆਪਣੀ ਚਮੜੀ ਨੂੰ ਧੋਵੋ ਨਾ। ਵਸਤ ਨੂੰ ਆਪਣੀ ਚਮੜੀ ਉੱਪਰ ਸੁੱਕਣ ਦਿਉ।
- **ਕਲੋਰੋਹੈਕਸੀਡੀਨ ਗਲੂਕੋਨੇਟ 2% ਤਰਲ, ਸਾਬਣ ਜਾਂ ਬਰੱਸ਼ ਲਈ:** ਆਪਣੀ ਚਮੜੀ ਧੋਵੋ, ਪਾਣੀ ਹੇਠ ਕੱਢੋ ਅਤੇ ਸੁਕਾਉ।
- ਆਪਣੇ ਸਰੀਰ ਦੇ ਉਪਰਲੇ ਕਿਸੇ ਵੀ ਹਿੱਸੇ 'ਤੇ ਸ਼ੇਵ **ਨਾ** ਕਰੋ। ਜੇ ਲੋੜ ਹੋਈ ਤਾਂ ਵਾਲ ਅਸੀਂ ਲਾਹਾਂਗੇ।
- ਚਮੜੀ ਦੀ ਸਫਾਈ ਕਰਨ ਤੋਂ ਬਾਅਦ ਇਸ ਉਪਰ ਕੋਈ ਵੀ ਬੌਡੀ ਪ੍ਰੋਡੱਕਟ **ਨਾ** ਲਗਾਉ (ਜਿਵੇਂ ਕਿ ਪ੍ਰਫਿਊਮ, ਲੋਸ਼ਨ, ਡੀਓਡੋਰੈਂਟ, ਜਾਂ ਪਾਊਡਰ)।
- ਤਾਜ਼ਾ ਧੋਤੇ ਹੋਏ ਕੱਪੜੇ ਪਾਉ।

## ਆਪਣੇ ਪ੍ਰੋਸੀਜ਼ਰ ਦੀ ਸਵੇਰ ਨੂੰ
### ਆਪਣੀ ਦਵਾਈ ਲੈਣਾ

- ਆਪਣੀਆਂ ਸਾਰੀਆਂ ਦਵਾਈਆਂ ਜਿਹੜੀਆਂ ਤੁਸੀਂ ਆਮ ਤੌਰ 'ਤੇ ਸਵੇਰ ਨੂੰ ਲੈਂਦੇ ਹੋ, ਪਾਣੀ ਦੇ ਛੋਟੇ ਘੁੱਟ ਨਾਲ ਲਵੋ, ਜੇ ਤੁਹਾਡੇ ਡਾਕਟਰ ਨੇ ਕਿਸੇ ਹੋਰ ਤਰ੍ਹਾਂ ਕਰਨ ਲਈ ਕਿਹਾ ਹੈ ਤਾਂ ਉਹ ਕਰੋ।
- **ਜੇ ਤੁਹਾਨੂੰ ਸ਼ੂਗਰ ਹੈ:**
  - ਜੇ ਤੁਹਾਡੇ ਡਾਕਟਰ ਨੇ ਤੁਹਾਨੂੰ ਲੈਣ ਨਹੀਂ ਕਿਹਾ ਤਾਂ ਆਪਣੀ ਸ਼ੂਗਰ ਦੀ ਦਵਾਈ ਹਸਪਤਾਲ ਆਉਣ ਤੋਂ ਪਹਿਲਾਂ **ਨਾ** ਲਉ।
  - ਆਪਣੀਆਂ ਸ਼ੂਗਰ ਦੀਆਂ ਗੋਲੀਆਂ ਜਾਂ ਇਨਸੂਲਿਨ ਆਪਣੇ ਨਾਲ ਹਸਪਤਾਲ ਨੂੰ ਲਿਆਉ।
- **ਜੇ ਤੁਸੀਂ 'ਖੂਨ ਪਤਲਾ ਕਰਨ ਵਾਲੀਆਂ ਦਵਾਈਆਂ' ਲੈ ਰਹੇ ਹੋ:**
  - ਆਪਣੇ ਡਾਕਟਰ ਤੋਂ ਪੁੱਛੋ ਕਿ ਪ੍ਰੋਸੀਜ਼ਰ ਤੋਂ ਪਹਿਲਾਂ ਤੁਸੀਂ ਇਹ ਦਵਾਈ ਲੈਣੀ ਕਦੋਂ ਬੰਦ ਕਰਨੀ ਹੈ।

## ਕਿੱਥੇ ਜਾਣਾ ਹੈ

ਡੇਅ ਕਾਰਡੀਐਕ ਇੰਟਰਵੈਨਸ਼ਨਲ ਯੂਨਿਟ (ਡੀ ਸੀ ਆਈ ਯੂ)
ਦੂਜੀ (2) ਮੰਜ਼ਲ, ਕੋਲੰਬੀਆ ਟਾਵਰ
ਰੌਇਲ ਕੋਲੰਬੀਅਨ ਹਸਪਤਾਲ
330 ਈਸਟ ਕੋਲੰਬੀਆ ਸਟਰੀਟ, ਨਿਊ ਵੈੱਸਟਮਿਨਸਟਰ
ਟੈਲੀਫੋਨ: 604-520-4052

## ਪਾਰਕਿੰਗ

ਕੋਲੰਬੀਆ ਸਟਰੀਟ, ਸ਼ਰਬਰੁੱਕ ਸਟਰੀਟ, ਅਤੇ ਕੀਰੀ ਸਟਰੀਟ ਨੇੜਲੀਆਂ ਪਾਰਕਿੰਗ ਲੌਟਾਂ ਵਿਚ ਪੈਸੇ ਦੇ ਕੇ ਪਾਰਕਿੰਗ ਮੌਜੂਦ ਹੈ।

**ਕਿਰਪਾ ਕਰਕੇ ਨੋਟ ਕਰੋ:** ਪਾਰਕਿੰਗ ਮਸ਼ੀਨਾਂ ਕਰੈਡਿਟ ਕਾਰਡ ਲੈਂਦੀਆਂ ਹਨ। ਕੁਝ ਮਸ਼ੀਨਾਂ ਡੈਬਿਟ ਕਾਰਡ ਅਤੇ ਭਾਨ ਵੀ ਲੈਂਦੀਆਂ ਹਨ।

## ਜ਼ਿਆਦਾ ਜਾਣਕਾਰੀ ਲਈ

*'ਏ ਗਾਈਡ ਟੂ ਯੂਅਰ ਪੇਸਮੇਕਰ'* ਜਾਂ *'ਏ ਗਾਈਡ ਟੂ ਯੂਅਰ ਕਾਰਡੀਐਕ ਰੀਸੈਂਕਰੋਨਾਈਜ਼ੇਸ਼ਨ ਥੈਰੇਪੀ ਐਂਡ ਇਮਪਲਾਂਟੇਬਲ ਕਾਰਡੀਐਕ ਡੀਫਿਬਰੀਲੇਟਰ'* ਦੇਖੋ।


Print Shop # 262893 (January 2013) Punjabi